# ਨਿਊਪੋਰਟ ਪ੍ਰਾਇਮਰੀ ਸਕੂਲ ਵਿੱਚ 1FE ਵਿਸਤਾਰ ਦੇ ਪ੍ਰਸਤਾਵ 'ਤੇ ਵਿਚਾਰ-ਵਟਾਂਦਰਾ

**ਵਿਚਾਰ-ਵਟਾਂਦਰਾ ਮਿਆਦ: 9 ਜਨਵਰੀ – 5 ਫਰਵਰੀ 2012**

## ਬਾਰੇ ਜਾਣਕਾਰੀ

ਤੁਹਾਨੂੰ ਸ਼ਾਇਦ ਜਾਣਕਾਰੀ ਹੋਵੇਗੀ ਕਿ ਵਾਲਥਮ ਫੋਰੈਸਟ ਵਿੱਚ ਜਨਮ ਦੀ ਦਰ ਕਾਫੀ ਜ਼ਿਆਦਾ ਵਧੀ ਹੈ ਅਤੇ ਨਾਲ ਹੀ ਹਾਲ ਦੇ ਸਾਲਾਂ ਵਿੱਚ ਬਹੁਤ ਸਾਰੇ ਨਵੇਂ ਪਰਿਵਾਰ ਬਰੋ ਵਿੱਚ ਰਹਿਣ ਆਏ ਹਨ। ਇਸਦਾ ਅਰਥ ਹੈ ਕਿ ਹੁਣ ਮੰਗ ਨੂੰ ਪੂਰਾ ਕਰਨ ਲਈ ਬਰੋ ਵਿੱਚ ਲੋੜੀਂਦੇ ਪ੍ਰਾਇਮਰੀ ਸਕੂਲ ਨਹੀਂ ਹਨ।

ਲੋਕਲ ਅਥਾਰਿਟੀਆਂ (LA) ਦਾ ਇਹ ਯਕੀਨੀ ਬਣਾਉਣ ਦਾ ਕਾਨੂੰਨੀ ਫ਼ਰਜ਼ ਹੈ ਕਿ ਇਸ ਇਲਾਕੇ ਵਿੱਚ ਲੋੜੀਂਦੇ ਸਕੂਲ ਸਥਾਨ ਹੋਣ। ਵਾਲਥਮ ਫੋਰੈਸਟ ਕਾਉਂਸਿਲ ਨੇ ਪਹਿਲਾਂ ਹੀ ਹੇਠਾਂ ਦਿੱਤੇ ਸਕੂਲਾਂ ਦਾ ਵਿਸਤਾਰ ਕਰਨ ਲਈ ਸਥਾਈ ਪ੍ਰਾਇਮਰੀ ਵਿਸਤਾਰ ਦੇ ਪਹਿਲੇ ਦੋ ਪੜਾਵਾਂ ਨੂੰ ਲਾਗੂ ਕਰਨ 'ਤੇ ਵਿਚਾਰ-ਵਟਾਂਦਰਾ ਕਰ ਲਿਆ ਹੈ ਅਤੇ ਉਹ ਇਸ ਨੂੰ ਲਾਗੂ ਕਰ ਰਹੀ ਹੈ।

***ਸਥਾਈ ਵਿਸਤਾਰ 'ਤੇ ਵਿਚਾਰ-ਵਟਾਂਦਰਾ ਇਹਨਾਂ ਸਕੂਲਾਂ ਬਾਰੇ ਕੀਤਾ ਗਿਆ:***

| ਸਕੂਲ | ਵਿਸਤਾਰ ਦਾ ਆਕਾਰ (FE) | ਵਿਸਤਾਰ ਕਰਨ ਦੀ ਮਿਤੀ |
|---|---|---|
| ਵਿਲੋ ਬਰੁਕ ਪ੍ਰਾਇਮਰੀ ਸਕੂਲ | **2FE ਤੋਂ 3FE** | **ਸਤੰਬਰ 2009** |
| ਸੇਂਟ ਸੇਵੀਅਰਜ਼ CE VA ਪ੍ਰਾਇਮਰੀ ਸਕੂਲ | **1FE ਤੋਂ 2FE** | **ਸਤੰਬਰ 2009** |
| ਜੌਰਜ ਮਿਸ਼ੇਲ (ਪ੍ਰਾਇਮਰੀ ਪੜਾਅ) | **1FE ਤੋਂ 2FE** | **ਸਤੰਬਰ 2010** |
| ਐਡਿਨਬਰਾ ਪ੍ਰਾਇਮਰੀ ਸਕੂਲ | **1FE ਤੋਂ 3FE** | **ਸਤੰਬਰ 2010** |
| ਵੈਲਿੰਗਟਨ ਪ੍ਰਾਇਮਰੀ ਸਕੂਲ | **1FE ਤੋਂ 2FE** | **ਸਤੰਬਰ 2011** |
| ਦ ਵੁੱਡਸਾਈਡ ਸਕੂਲ | **3FE ਤੋਂ 4FE** | **ਸਤੰਬਰ 2011** |
| ਜੌਰਜ ਟੋਮਲਿਨਸਨ ਪ੍ਰਾਇਮਰੀ ਸਕੂਲ | **2FE ਤੋਂ 3FE** | **ਸਤੰਬਰ 2011** |
| ਗਵੇਨ ਜੋਨਜ਼ ਪ੍ਰਾਇਮਰੀ ਸਕੂਲ | **1FE ਤੋਂ 2FE** | **ਅਪ੍ਰੈਲ 2012** |
| ਬਕਸਟਨ ਸਕੂਲ (ਪ੍ਰਾਇਮਰੀ ਪੜਾਅ) | **3FE ਤੋਂ 4FE** | **ਸਤੰਬਰ 2012** |

ਪ੍ਰਸਤਾਵਿਤ ਸਥਾਈ ਪ੍ਰਾਇਮਰੀ ਵਿਸਤਾਰਾਂ ਦੇ ਦੂਜੇ ਪੜਾਅ ਵਿੱਚ ਸੰਭਾਵੀ ਸਥਾਈ ਵਿਸਤਾਰ ਲਈ ਹੋਰ ਸਕੂਲਾਂ ਦੀ ਪਛਾਣ ਕੀਤੀ ਗਈ ਹੈ। ਇਸ ਵਿੱਚ **ਨਿਊਪੋਰਟ ਪ੍ਰਾਇਮਰੀ ਸਕੂਲ ਦਾ 3FE ਤੋਂ 4FE** ਤਕ ਵਿਸਤਾਰ ਕਰਨਾ ਸ਼ਾਮਲ ਹੈ।

***ਪ੍ਰਸਤਾਵਿਤ ਸਥਾਈ ਵਿਸਤਾਰ***

| ਸਕੂਲ | ਪ੍ਰਸਤਾਵਿਤ ਆਕਾਰ (FE) |
|---|---|
| ਦ ਵਿੱਨਸ ਪ੍ਰਾਇਮਰੀ ਸਕੂਲ | **3FE ਤੋਂ 4FE** |
| ਨਿਊਪੋਰਟ ਪ੍ਰਾਇਮਰੀ ਸਕੂਲ | **3FE ਤੋਂ 4FE** |
| ਵੁੱਡਸਾਈਡ ਪ੍ਰਾਇਮਰੀ ਸਕੂਲ | **4FE ਤੋਂ 6FE** |
| ਡੇਵਿਜ਼ ਲੇਨ ਪ੍ਰਾਇਮਰੀ ਸਕੂਲ | **2FE ਤੋਂ 4FE** |
| ਹਿਲੀਫੀਲਡ ਪ੍ਰਾਇਮਰੀ ਸਕੂਲ | **3FE ਤੋਂ 6FE** |
| ਮਿਸ਼ਨ ਗ੍ਰੋਵ ਪ੍ਰਾਇਮਰੀ ਸਕੂਲ | **2FE ਤੋਂ 4FE** |
| ਸੇਂਟ ਮੇਰੀਜ਼ ਕੋਫ਼ੇ ਪ੍ਰਾਇਮਰੀ ਸਕੂਲ | **1FE ਤੋਂ 3FE** |
| ਸਟੋਨੀਡਾਊਨ ਪਾਰਕ ਪ੍ਰਾਇਮਰੀ ਸਕੂਲ | **1FE ਤੋਂ 2FE** |

## ਲੇਅਟਨ ਵਿੱਚ ਸਕੂਲ ਦੇ ਸਥਾਨ

ਲੇਅਟਨ ਸਾਊਥ ਯੋਜਨਾਬੰਦੀ ਇਲਾਕੇ ਵਿੱਚ ਵੱਧ ਰਹੀ ਜਨਮ ਦਰ ਦੇ ਨਤੀਜੇ ਵੱਜੋਂ, ਰਿਸੈਪਸ਼ਨ ਕਲਾਸ ਵਿੱਚ ਪ੍ਰਸਤਾਵਿਤ ਦਾਖਲੇ ਵੀ ਵੱਧ ਰਹੇ ਹਨ। 2012/13 ਤੋਂ ਸ਼ੁਰੂ ਕਰਦੇ ਹੋਏ, ਇਸ ਇਲਾਕੇ ਵਿਚਲੇ ਸਕੂਲਾਂ ਵਿੱਚ ਮੌਜੂਦਾ ਸਥਾਨ ਰਿਸੈਪਸ਼ਨ ਕਲਾਸ ਵਿੱਚ ਦਾਖਲੇ ਦੀ ਮੰਗ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹਨ।

ਨਿਊਪੋਰਟ ਪ੍ਰਾਇਮਰੀ ਸਕੂਲ ਨੇ ਪਹਿਲਾਂ ਹੀ 2011 ਵਿੱਚ ਇੱਕ ਵਾਧੂ ਰਿਸੈਪਸ਼ਨ ਕਲਾਸ ਦਾਖਲ ਕੀਤੀ ਹੈ। ਇਸ ਪ੍ਰਸਤਾਵ ਨਾਲ ਸਤੰਬਰ 2012 ਤੋਂ ਨਵੇਂ ਸਥਾਈ ਸਥਾਨ ਉਪਲਬਧ ਹੋ ਜਾਣਗੇ।

## ਪ੍ਰਸਤਾਵ

ਨਿਊਪੋਰਟ ਪ੍ਰਾਇਮਰੀ ਸਕੂਲ ਲਈ ਪ੍ਰਸਤਾਵ ਹੈ ਸਕੂਲ ਨੂੰ ਵੱਡਾ ਕਰਨਾ ਜਿਸ ਨਾਲ ਇਸ ਦੀ ਭੌਤਿਕ ਸਮਰੱਥਾ ਵਿਚ ਇੱਕ ਕਲਾਸ ਦੇ ਦਾਖਲੇ ਦਾ ਵਾਧਾ ਕੀਤਾ ਜਾ ਸਕੇ। 1 ਸਤੰਬਰ 2012 ਤੋਂ ਅਤੇ ਇਸ ਤੋਂ ਬਾਅਦ ਵਾਲੇ ਸਾਲਾਂ ਵਿੱਚ, ਰਿਸੈਪਸ਼ਨ ਕਲਾਸ ਵਿੱਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਵੱਧ ਕੇ 90 ਤੋਂ 120 ਹੋ ਜਾਵੇਗੀ। ਨਰਸਰੀ ਵਿੱਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਸੰਖਿਆ 52 ਪੂਰੇ ਸਮੇਂ ਦੇ ਸਥਾਨਾਂ ਦੇ ਬਰਾਬਰ ਹੀ ਰਹੇਗੀ।

## ਇਮਾਰਤ ਵਿੱਚ ਕੀ ਤਬਦੀਲੀ ਕੀਤੀ ਜਾਵੇਗੀ?

ਕਾਉਂਸਿਲ ਸਕੂਲ ਦਾ ਮੁਲਾਂਕਣ ਕਰੇਗੀ ਅਤੇ ਯਕੀਨੀ ਬਣਾਏਗੀ ਕਿ ਪੜ੍ਹਾਉਣ ਅਤੇ ਪੜ੍ਹਨ ਲਈ ਉੱਚੇ ਪੱਧਰ ਦਾ ਮਾਹੌਲ ਮੁਹੱਈਆ ਕਰਨ ਵਾਸਤੇ ਤਬਦੀਲੀਆਂ, ਸੁਧਾਰ ਅਤੇ ਇਮਾਰਤ ਵਿੱਚ ਲੋੜੀਂਦੇ ਕੋਈ ਵੀ ਅੰਦਰੂਨੀ ਜਾਂ ਬਾਹਰੀ ਕੰਮ ਸ਼ੁਰੂ ਕੀਤੇ ਜਾਂਦੇ ਹਨ।

Waltham Forest

## ਮਾਪੇ ਅਤੇ ਸਥਾਨਕ ਭਾਈਚਾਰੇ ਦੀਆਂ ਵਿਚਾਰ-ਵਟਾਂਦਰਾ ਮੀਟਿੰਗਾਂ:

**10 ਜਨਵਰੀ 2012 ਸਵੇਰੇ 9 ਵਜੇ**

**10 ਜਨਵਰੀ 2012 ਸ਼ਾਮ 5.30 ਵਜੇ**

## ਕਿਸ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ?

ਹੇਠਾਂ ਦਿੱਤੇ ਸਮੂਹਾਂ ਨਾਲ ਲਾਜ਼ਮੀ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ

- ਨਿਊਪੋਰਟ ਪ੍ਰਾਇਮਰੀ ਸਕੂਲ ਦੀ ਗਵਰਨਿੰਗ ਬਾਡੀ
- ਮਾਪੇ, ਦੇਖਭਾਲ ਕਰਤਾ, ਅਧਿਆਪਕ ਅਤੇ ਵਿਦਿਆਰਥੀ ਜਿਨ੍ਹਾਂ 'ਤੇ ਪ੍ਰਸਤਾਵ ਦਾ ਅਸਰ ਪੈ ਸਕਦਾ ਹੈ
- ਵਾਲਥਮ ਫੋਰੈਸਟ ਐਡਮਿਸ਼ਨ ਫੋਰਮ
- ਗੁਆਂਢੀ ਸਕੂਲਾਂ ਅਤੇ ਲੋਕਲ ਅਥਾਰਿਟੀਆਂ ਜਿਹਨਾਂ ਦੀ ਇਸ ਵਿੱਚ ਦਿਲਚਸਪੀ ਹੋ ਸਕਦੀ ਹੈ
- ਕੋਈ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ [ਜਿਵੇਂ ਕਿ ਡਾਇਓਸੀਜ਼ (Dioceses), ਅਰਲੀ ਈਅਰਜ਼ (Early Years)]

ਅਸੀਂ ਜਿੱਥੇ ਤਕ ਵਿਹਾਰਕ ਹੋ ਸਕੇਗਾ, ਸਾਰੇ ਸਕੂਲਾਂ ਅਤੇ ਨਰਸਰੀ ਸਟਾਫ਼, ਟ੍ਰੇਡ ਯੂਨਿਅਨਾਂ, ਰੇਸ ਇਕ੍ਵੈਲਿਟੀ ਕਾਉਂਸਿਲ ਸਮੇਤ ਸਥਾਨਕ ਸਵੈ-ਸੇਵੀ ਸੰਗਠਨਾਂ, ਧਾਰਮਿਕ ਸਮੂਹਾਂ ਅਤੇ ਆਮ ਜਨਤਾ ਨਾਲ ਵੀ ਵਿਚਾਰ-ਵਟਾਂਦਰਾ ਕਰਾਂਗੇ।

## ਉਸ ਤੋਂ ਬਾਅਦ ਕੀ ਹੋਵੇਗਾ?

ਇਸ ਵਿਚਾਰ-ਵਟਾਂਦਰੇ ਦੀ ਮਿਆਦ ਦੇ ਅੰਤ 'ਤੇ ਕਾਉਂਸਿਲ ਪ੍ਰਤਿਕਿਰਿਆਵਾਂ 'ਤੇ ਵਿਚਾਰ ਕਰੇਗੀ। ਜੇ ਕਾਉਂਸਿਲ ਪ੍ਰਸਤਾਵ ਦੇ ਨਾਲ ਅੱਗੇ ਵਧਣ ਦਾ ਫ਼ੈਸਲਾ ਕਰਦੀ ਹੈ, ਤਾਂ ਇੱਕ ਕਾਨੂੰਨੀ ਨੋਟਿਸ ਪ੍ਰਕਾਸ਼ਿਤ ਕੀਤਾ ਜਾਵੇਗਾ। ਉਸ ਤੋਂ ਬਾਅਦ ਤੁਹਾਡੇ ਲਈ ਪ੍ਰਸਤਾਵ 'ਤੇ ਆਪਣੇ ਵਿਚਾਰ ਅਤੇ ਟਿੱਪਣੀਆਂ ਦੇਣ ਦਾ ਇੱਕ ਆਖਰੀ ਮੌਕਾ ਹੋਵੇਗਾ। ਆਖਰੀ ਵਿਚਾਰ-ਵਟਾਂਦਰੇ ਦੇ ਪੜਾਅ ਦੇ ਅੰਤ 'ਤੇ, ਕਾਉਂਸਿਲ ਇਸ ਬਾਰੇ ਫ਼ੈਸਲਾ ਲਵੇਗੀ ਕਿ ਕੀ ਪ੍ਰਸਤਾਵ ਨੂੰ ਲਾਗੂ ਕਰਨਾ ਹੈ।

### ਗਵਰਨਰਜ਼ ਦੇ ਮੁਖੀ ਵੱਲੋਂ ਕੁਝ ਸ਼ਬਦ

ਗਵਰਨਰਾਂ ਨੇ ਨਿਊਪੋਰਟ ਸਕੂਲ ਦਾ ਚਾਰ ਫੋਰਮ ਦਾਖਲਾ ਸਕੂਲ ਵਿੱਚ ਵਿਸਤਾਰ ਕਰਨ ਦੇ ਪ੍ਰਸਤਾਵ 'ਤੇ ਵਿਚਾਰ-ਵਟਾਂਦਰਾ ਕਰਨ 'ਤੇ ਸਹਿਮਤੀ ਦਿੱਤੀ ਹੈ। ਸਾਨੂੰ ਵਿਸ਼ਵਾਸ ਹੈ ਕਿ ਇਸ ਸਮੇਂ ਅਸੀਂ ਸਕੂਲ ਦਾ ਵਿਸਤਾਰ ਕਰਨ ਲਈ ਸਹੀ ਸਥਿਤੀ ਵਿੱਚ ਹਾਂ। ਅਸੀਂ ਪ੍ਰਸਤਾਵ 'ਤੇ ਤੁਹਾਡੇ ਵਿਚਾਰ ਸੁਣਨੇ ਚਾਹਵਾਂਗੇ ਅਤੇ ਮੈਂ ਤੁਹਾਨੂੰ ਇਹ ਦਸਤਾਵੇਜ਼ ਪੜ੍ਹਨ ਅਤੇ, ਜੇ ਸੰਭਵ ਹੋਵੇ, ਕਿਸੇ ਇੱਕ ਵਿਚਾਰ-ਵਟਾਂਦਰਾ ਮੀਟਿੰਗ ਵਿੱਚ ਹਾਜ਼ਰ ਹੋਣ ਦਾ ਸੱਦਾ ਦੇਣਾ ਚਾਹਵਾਂਗਾ।

ਮੀਟਿੰਗਾਂ ਤੁਹਾਡੇ ਲਈ ਸਕੂਲ ਅਤੇ ਲੋਕਲ ਅਥਾਰਿਟੀ, ਦੋਵਾਂ ਤੋਂ ਸਵਾਲ ਪੁੱਛਣ ਦਾ ਮੌਕਾ ਹੋਣਗੀਆਂ। ਜੇ ਤੁਸੀਂ ਹਾਜ਼ਰ ਨਹੀਂ ਹੋ ਸਕਦੇ ਹੋ, ਤਾਂ ਤੁਸੀਂ ਆਪਣੇ ਵਿਚਾਰ ਚਿੱਠੀ ਜਾਂ ਈਮੇਲ ਰਾਹੀਂ ਦੱਸ ਸਕਦੇ ਹੋ।

ਮੈਂ ਕਿਸੇ ਮੀਟਿੰਗ ਵਿੱਚ ਤੁਹਾਨੂੰ ਮਿਲਣ ਦੀ ਉਮੀਦ ਕਰਦਾ ਹਾਂ।

## ਵਿਚਾਰ-ਵਟਾਂਦਰੇ ਦੀ ਇਸ ਮਿਆਦ ਲਈ ਸਮਾਂ-ਸੀਮਾ ਕੀ ਹੈ?

ਵਿਚਾਰ-ਵਟਾਂਦਰੇ ਦੀ ਮਿਆਦ 5 ਫਰਵਰੀ 2012 ਨੂੰ ਸ਼ਾਮ 5 ਵਜੇ ਬੰਦ ਹੋ ਜਾਵੇਗੀ। ਇਹ ਤੁਹਾਡੇ ਲਈ ਪ੍ਰਸਤਾਵ 'ਤੇ ਟਿੱਪਣੀ ਕਰਨ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਸੁਝਾਅ ਅਤੇ ਰਾਇ ਦੇਣ ਦਾ ਮੌਕਾ ਹੈ।

ਪ੍ਰਸਤਾਵਿਤ ਵਿਸਤਾਰ ਬਾਰੇ ਹੋਰ ਵੇਰਵਾ ਇਸ ਵੈਬਸਾਈਟ 'ਤੇ ਉਪਲਬਧ ਹੈ
www.walthamforest.gov.uk/newport

**ਵਿਚਾਰ-ਵਟਾਂਦਰੇ ਲਈ ਪ੍ਰਸਤਾਵਿਤ ਸਮਾਂ-ਸੀਮਾ**

| ਮਿਤੀ | ਗਤੀਵਿਧੀ |
|---|---|
| **9 ਜਨਵਰੀ '12** | **ਵਿਚਾਰ-ਵਟਾਂਦਰੇ ਦੀ ਸ਼ੁਰੂਆਤ** |
| **10 ਜਨਵਰੀ '12 (ਸਵੇਰ 9/ਸ਼ਾਮ 5.30 ਵਜੇ)** | **ਮਾਪਿਆਂ ਅਤੇ ਸਥਾਨਕ ਭਾਈਚਾਰੇ ਲਈ ਮੀਟਿੰਗ** |
| **5 ਫਰਵਰੀ '12** | **ਵਿਚਾਰ-ਵਟਾਂਦਰੇ ਦੀ ਸਮਾਪਤੀ** |
| **5 ਮਾਰਚ '12** | **ਕਾਨੂੰਨੀ ਨੋਟਿਸ ਪ੍ਰਕਾਸ਼ਿਤ ਕਰਨਾ** |
| **2 ਅਪ੍ਰੈਲ '12** | **ਦਰਖਾਸਤਾਂ ਦੇਣ ਦੀ ਮਿਆਦ ਦੀ ਸਮਾਪਤੀ** |
| **15 ਮਈ '12** | **ਕੈਬਿਨੇਟ ਦਾ ਫ਼ੈਸਲਾ** |
| **1 ਸਤੰਬਰ '12** | **ਲਾਗੂਕਰਨ** |

### ਮੈਂ ਸੰਪਰਕ ਕਿਵੇਂ ਕਰ ਸਕਦਾ/ਸਕਦੀ ਹਾਂ?

ਕਿਰਪਾ ਕਰਕੇ ਆਪਣੇ ਨਾਮ, ਦਸਤਖਤ ਅਤੇ ਪਤੇ ਦੇ ਨਾਲ ਆਪਣੀਆਂ ਪ੍ਰਤਿਕਿਰਿਆਵਾਂ **5 ਫਰਵਰੀ 2012 ਨੂੰ ਸ਼ਾਮ 5 ਵਜੇ** ਤਕ ਇਸ ਪਤੇ 'ਤੇ ਭੇਜ ਦਿਓ:

Rhona Long, SOPD, PO Box 416,
Silver Birch House, Uplands Business Park, Blackhorse Road, London E17 5SD

rhona.long@walthamforest.gov.uk
***ਫ਼ੈਕਸ:*** 020 8496 3688; ***ਟੈਲੀਫ਼ੋਨ:*** 020 8496 3538

ਇਸ ਦੇ ਇਲਾਵਾ ਤੁਸੀਂ ਆਪਣੀਆਂ ਪ੍ਰਤਿਕਿਰਿਆਵਾਂ ਸਕੂਲ ਦੇ ਰਿਸੈਪਸ਼ਨ ਖੇਤਰ ਵਿੱਚ ਸਥਿਤ ਪ੍ਰਤਿਕਿਰਿਆ ਬਕਸੇ (Response Box) ਵਿੱਚ ਪਾ ਸਕਦੇ ਹੋ।

*ਇਹ ਦਸਤਾਵੇਜ਼ ਵੱਖ-ਵੱਖ ਰੂਪਾਂਤਰਾਂ ਅਤੇ ਭਾਸ਼ਾਵਾਂ ਵਿੱਚ ਮੁਹੱਈਆ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਰ੍ਹੋਨਾ ਲੌਂਗ (Rhona Long) ਨਾਲ ਸੰਪਰਕ ਕਰੋ (ਸੰਪਰਕ ਕਰਨ ਦਾ ਵੇਰਵਾ ਉੱਪਰ ਦਿੱਤਾ ਗਿਆ ਹੈ)।*

Waltham Forest

# ਨਿਊਪੋਰਟ ਸਕੂਲ ਨੂੰ 1FE ਵਧਾਉਣ ਦੇ ਪ੍ਰਸਤਾਵ 'ਤੇ ਵਿਚਾਰ-ਵਟਾਂਦਰਾ

## ਪ੍ਰਤਿਕਿਰਿਆ ਸੈਕਸ਼ਨ

☐ ਮੈਂ ਨਿਊਪੋਰਟ ਪ੍ਰਾਇਮਰੀ ਸਕੂਲ ਲਈ ਪ੍ਰਸਤਾਵ ਦਾ ਸਮਰਥਨ ਕਰਦਾ/ਕਰਦੀ ਹਾਂ

☐ ਮੈਂ ਨਿਊਪੋਰਟ ਪ੍ਰਾਇਮਰੀ ਸਕੂਲ ਲਈ ਪ੍ਰਸਤਾਵ ਦਾ ਸਮਰਥਨ ਨਹੀਂ ਕਰਦਾ/ਕਰਦੀ ਹਾਂ

ਟਿੱਪਣੀਆਂ:

ਨਾਮ:

ਪਤਾ:

ਦਸਤਖਤ:

Waltham Forest

## ਵਿਚਾਰ-ਵਟਾਂਦਰਾ ਮਿਆਦ: 9 ਜਨਵਰੀ – 5 ਫਰਵਰੀ 2012

ਕਿਰਪਾ ਕਰਕੇ ਹੋਰ ਟਿੱਪਣੀਆਂ ਵੱਖਰੇ ਤੌਰ 'ਤੇ ਦਿਓ

Waltham Forest